## ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ ਫੇਜ਼-8 ਐਸ ਏ ਐਸ ਨਗਰ

(ਦਫਤਰੀ ਅਮਲਾ ਸ਼ਾਖਾ)

ਈ-ਮੇਲ ਰਾਹੀਂ

ਵੱਲ,

ਪੰਜਾਬ ਰਾਜ ਦੇ ਸਮੂਹ

1. ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.)
2. ਸਮੂਹ ਬੀ.ਪੀ.ਈ.ਓ. ਦਫਤਰ।
3. ਸਮੂਹ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲਜ਼।
4. ਸਮੂਹ ਪ੍ਰਿੰਸੀਪਲ ਡਾਇਟਜ਼।

ਮੀਮੋ ਨੰ: ਈ-257546/DPISE-MEOESTB/64/2021-ਦਅ(1)/2024130868

ਮਿਤੀ,ਐਸ.ਏ.ਐਸ ਨਗਰ: 27-05-2024

ਵਿਸ਼ਾ : ਤਰਸ ਦੇ ਆਧਾਰ ਤੇ ਨਿਯੁਕਤ ਹੋਣ ਵਾਲੇ ਕਰਮਚਾਰੀਆਂ ਲਈ ਟਾਈਪ ਟੈਸਟ ਸਬੰਧੀ ਹਦਾਇਤਾਂ ਦੀ ਪਾਲਨਾ ਕਰਨ ਹਿੱਤ।

ਹਵਾਲਾ: ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ, ਪ੍ਰਸੋਨਲ ਪਾਲਿਸੀ-2 ਸ਼ਾਖਾ ਦੇ ਪੱਤਰ ਮਿਤੀ 25-03-2021 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਰਾਂਹੀ ਪਰਸੋਨਲ ਵਿਭਾਗ ਵੱਲੋਂ ਜਾਰੀ ਹਦਾਇਤਾਂ ਸਨਮੁੱਖ ਅਧੀਨ ਦਫਤਰਾਂ ਦੇ ਕਰਮਚਾਰੀਆਂ ਦੀ ਟ੍ਰੇਨਿੰਗ ਸਬੰਧਿਤ ਜਿਲ੍ਹਿਆਂ ਦੇ ITI's ਵਿਚ ਦਿੱਤੀ ਜਾਣੀ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਤਰਸ ਦੇ ਆਧਾਰ ਤੇ ਨਿਯੁਕਤ ਹੋਏ ਕਲਰਕਾਂ ਨੂੰ ਸੂਚਿਤ ਕਰਦੇ ਹੋਏ ਉਨ੍ਹਾਂ ਦੀ ਟ੍ਰੇਨਿੰਗ ਆਪਣੇ ਨਾਲ ਸਬੰਧਤ ਜਿਲ੍ਹਿਆਂ ਦੇ ਆਈ.ਟੀ.ਆਈਜ਼ ਵਿੱਚ ਕਰਵਾਉਣੀ ਯਕੀਨੀ ਬਣਾਈ ਜਾਵੇ। ਟ੍ਰੇਨਿੰਗ ਦੀ ਕਾਰਵਾਈ ਹੋਣ ਉਪਰੰਤ ਇੱਕ ਹਫਤੇ ਦੇ ਅੰਦਰ-ਅੰਦਰ ਰਿਪੋਰਟ ਭੇਜਣੀ ਯਕੀਨੀ ਬਣਾਈ ਜਾਵੇ। ਇਨ੍ਹਾਂ ਹਦਾਇਤਾਂ ਅਨੁਸਾਰ ਤਰਸ ਦੇ ਆਧਾਰ ਤੇ ਨਿਯੁਕਤ ਹੋਣ ਵਾਲੇ ਕਰਮਚਾਰੀਆਂ ਦਾ ਪਰਖਕਾਲ ਸਮਾਂ ਟਾਈਪਿੰਗ ਟੈਸਟ ਪਾਸ ਕਰਨ ਉਪਰੰਤ ਹੀ ਪਾਰ ਕੀਤਾ ਜਾਣਾ ਹੈ।

ਸਹਾਇਕ ਡਾਇਰੈਕਟਰ (ਦ.ਅ)

ਪਿੱਠ ਅੰਕਣ ਨੰ. ਉਕਤ /2024130867 ਮਿਤੀ, ਐਸ.ਏ.ਐਸ. ਨਗਰ:- 27-05-2024

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਦ:ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਐਂਡ ਇੰਡਸਟਰੀਅਲ ਟਰੇਨਿੰਗ, ਜਨ ਮਾਰਗ, ਪਲਾਟ ਨੰ:1, ਸੈਕਟਰ-36 ਏ, ਚੰਡੀਗੜ੍ਹ ਨੂੰ ਹਦਾਇਤਾਂ ਮਿਤੀ 25-3-21 ਦੀ ਕਾਪੀ ਭੇਜਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਆਈ.ਟੀ.ਆਈ ਦਫਤਰਾਂ ਨੂੰ ਸੂਚਿਤ ਕੀਤਾ ਜਾਵੇ ਅਤੇ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਵਾਉਣੀ ਯਕੀਨੀ ਬਣਾਇਆ ਜਾਵੇ।

ਸਹਾਇਕ ਡਾਇਰੈਕਟਰ (ਦ.ਅ)

Scanned with OKEN Scanner

दफतर ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ

ਮਿਤੀ 29.5.2024

ਪਿਠਅੰਕਣ ਨੰ: ਅ-4/1( )2024/ 287

ਉਪਰੋਕਤ ਦਾ ਉਤਾਰਾ ਜਿਲਾ ਬਠਿੰਡਾ ਦੇ ਸਮੂਹ ਸਰਕਾਰੀ ਸਕੂਲਾਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

29/5/24

ਜਿਲਾ ਸਿਖਿਆ ਅਫਸਰ (ਸੈ ਸਿ)

ਬਠਿੰਡਾ